BC CANCER COLON SCREENING
Provincial Health Services Authority

# ਕੈਂਸਰ ਦੀ ਜਾਂਚ ਦੇ ਪ੍ਰੋਗਰਾਮ ਅਤੇ ਕੋਵਿਡ-19 ਸਰਵਿਸ ਵਿਚ ਤਬਦੀਲੀਆਂ

# ਕੋਲਨ ਦਾ ਟੈੱਸਟ ਸਵਾਲ ਅਤੇ ਜਵਾਬ

ਅਡੀਸ਼ਨ: 25 ਮਾਰਚ, 2020 – ਸਵੇਰ ਦੇ 11 ਵਜੇ

---

1. **ਕੀ ਬੀ ਸੀ ਵਿਚ ਇਸ ਵੇਲੇ ਕੋਲਨੋਸਕਾਪੀ ਟੈੱਸਟ ਹੋ ਰਹੇ ਹਨ?**
   - ਬੀ ਸੀ ਵਿਚ ਬਹੁਤ ਸਾਰੀਆਂ ਕੋਲਨੋਸਕਾਪੀਜ਼ ਨੂੰ ਆਰਜ਼ੀ ਤੌਰ `ਤੇ ਰੋਕ ਦਿੱਤਾ ਗਿਆ ਹੈ ਤਾਂ ਜੋ:
     - ਟੈੱਸਟ ਦੌਰਾਨ ਕੋਵਿਡ-19 ਦੇ ਕਿਸੇ ਨੂੰ ਲੱਗਣ ਦਾ ਖਤਰਾ ਘਟਾਇਆ ਜਾ ਸਕੇ ਅਤੇ ਕੋਵਿਡ-19 ਲਈ ਅਕਿਊਟ ਕੇਅਰ ਦੀ ਲੋੜ ਵਾਲੇ ਮਰੀਜ਼ਾਂ ਦੇ ਸੰਭਵ ਰੱਸ਼ ਲਈ ਹਸਪਤਾਲਾਂ ਨੂੰ ਬਿਹਤਰ ਤਿਆਰ ਕੀਤਾ ਜਾ ਸਕੇ।
     - ਇਕ ਦੂਜੇ ਤੋਂ ਫਾਸਲਾ ਰੱਖਣ ਵਿਚ ਮਦਦ ਹੋਵੇ ਜੋ ਕਿ ਸਿਹਤਮੰਦ ਲੋਕਾਂ ਵਿਚ ਕੋਵਿਡ-19 ਜਾਣ ਨੂੰ ਘੱਟ ਤੋਂ ਘੱਟ ਕਰਨ ਦੇ ਯਤਨਾਂ ਵਿਚ ਮਦਦ ਕਰੇਗਾ।
     - ਇਹ ਪੱਕਾ ਹੋਵੇ ਕਿ ਕੋਵਿਡ-19 ਦੇ ਫੈਲਣ ਦੌਰਾਨ ਕੋਲਨੋਸਕਾਪੀ ਦੇ ਸੀਮਤ ਵਸੀਲੇ ਜ਼ਰੂਰੀ ਅਤੇ ਅਚਨਚੇਤੀ ਲੋੜਾਂ ਵਾਲੇ ਮਰੀਜ਼ਾਂ ਲਈ ਮੌਜੂਦ ਹਨ।
   - ਕੋਲਨ ਕੈਂਸਰ ਦੀ ਪਰਿਵਾਰਕ ਹਿਸਟਰੀ ਵਾਲੇ ਉਨ੍ਹਾਂ ਲੋਕਾਂ ਜਿਨ੍ਹਾਂ ਵਿਚ ਬੀਮਾਰੀ ਦੀਆਂ ਕੋਈ ਨਿਸ਼ਾਨੀਆਂ ਨਹੀਂ ਹਨ ਜਾਂ ਐਡੋਨੋਮਾਸ ਦੀ ਹਿਸਟਰੀ ਵਾਲੇ ਵਿਅਕਤੀਆਂ ਲਈ ਕੋਲਨੋਸਕਾਪੀ ਦੇ ਬਹੁਤੇ ਟੈੱਸਟ ਆਰਜ਼ੀ ਤੌਰ `ਤੇ ਬੰਦ ਕੀਤੇ ਜਾ ਰਹੇ ਹਨ।
   - ਜਿਨ੍ਹਾਂ ਲੋਕਾਂ ਦਾ ਅਬਨੌਰਮਲ ਫੀਕਲ ਇਮਿਊਨੋਕੈਮੀਕਲ ਟੈੱਸਟ (ਐੱਫ ਆਈ ਟੀ) ਰੀਜ਼ਲਟ ਹੋਇਆ ਹੈ, ਉਨ੍ਹਾਂ ਦੀਆਂ ਪੈਰਵੀ ਲਈ ਬਹੁਤੀਆਂ ਕੋਲਨੋਸਕਾਪੀਜ਼ ਆਰਜ਼ੀ ਤੌਰ `ਤੇ ਬੰਦ ਕਰ ਦਿੱਤੀਆਂ ਗਈਆਂ ਹਨ।
   - ਜੇ ਤੁਸੀਂ ਕੋਈ ਨਿਸ਼ਾਨੀਆਂ ਦੇਖ ਰਹੇ ਹੋ ਜਿਵੇਂ ਕਿ ਤੁਹਾਡੇ ਪਖਾਨੇ ਵਿਚ ਖੂਨ, ਢਿੱਡ ਵਿਚ ਦਰਦ, ਪਖਾਨੇ ਜਾਣ ਦੀਆਂ ਆਦਤਾਂ ਵਿਚ ਤਬਦੀਲੀਆਂ, ਜਾਂ ਭਾਰ ਘਟਣਾ ਜਿਸ ਦੇ ਕਾਰਨ ਦਾ ਪਤਾ ਨਹੀਂ ਹੈ ਤਾਂ ਇਨ੍ਹਾਂ ਨਿਸ਼ਾਨੀਆਂ ਦੇ ਕਾਰਨ ਦਾ ਪਤਾ ਲਾਉਣ ਲਈ ਕੀਤੇ ਜਾਣ ਵਾਲੇ ਟੈੱਸਟਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ ਜਿਨ੍ਹਾਂ ਦੀ ਤੁਹਾਨੂੰ ਲੋੜ ਹੋ ਸਕਦੀ ਹੈ। ਇਨ੍ਹਾਂ ਨਿਸ਼ਾਨੀਆਂ ਵਾਲੇ ਮਰੀਜ਼ਾਂ ਲਈ ਐੱਫ ਆਈ ਟੀ ਢੁਕਵਾਂ ਨਹੀਂ ਹੈ।

2. **ਮੇਰੀ ਅਪੌਇੰਟਮੈਂਟ ਬਣੀ ਹੋਈ ਹੈ, ਕੀ ਮੈਨੂੰ ਕੋਲਨੋਸਕਾਪੀ ਦੇ ਟੈੱਸਟ ਲਈ ਆਉਣਾ ਚਾਹੀਦਾ ਹੈ?**
   - ਜੇ ਤੁਹਾਡੀ ਅਪੌਇੰਟਮੈਂਟ ਵਿਚ ਕੋਈ ਤਬਦੀਲੀਆਂ ਹੋਈਆਂ ਤਾਂ ਤੁਹਾਡੀ ਹੈਲਥ ਅਥਾਰਟੀ ਤੁਹਾਡੇ ਨਾਲ ਸੰਪਰਕ ਕਰੇਗੀ।
   - ਆਪਣੀ ਅਪੌਇੰਟਮੈਂਟ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਆਪਣੀ ਹੈਲਥ ਅਥਾਰਟੀ ਨਾਲ ਸਿੱਧਾ ਸੰਪਰਕ ਕਰਨ ਲਈ ਉਸ ਜਾਣਕਾਰੀ ਦੀ ਵਰਤੋਂ ਕਰੋ ਜਿਹੜੀ ਤੁਹਾਡੀ ਅਪੌਇੰਟਮੈਂਟ ਬੁੱਕ ਕੀਤੇ ਜਾਣ ਸਮੇਂ ਤੁਹਾਨੂੰ ਦਿੱਤੀ ਗਈ ਸੀ।

3. **ਕੀ ਫੀਕਲ ਇਮਿਊਨੋਕੈਮੀਕਲ ਟੈੱਸਟ (ਐੱਫ ਆਈ ਟੀ) ਇਸ ਵੇਲੇ ਬੀ ਸੀ ਵਿਚ ਉਪਲਬਧ ਹੈ?**
   - ਐੱਫ ਆਈ ਟੀ ਉਨ੍ਹਾਂ ਲੋਕਾਂ ਲਈ ਇਕ ਗੈਰ-ਜ਼ਰੂਰੀ, ਗੈਰ-ਐਮਰਜੰਸੀ ਟੈੱਸਟ ਹੈ ਜਿਨ੍ਹਾਂ ਵਿਚ ਕੋਈ ਨਿਸ਼ਾਨੀਆਂ ਨਹੀਂ ਹੁੰਦੀਆਂ।
   - ਐੱਫ ਆਈ ਟੀ ਕਿੱਟਾਂ ਇਸ ਵੇਲੇ ਅੱਗੇ ਲਿਖੇ ਕਾਰਨਾਂ ਕਰਕੇ ਲੈਬਾਰਟਰੀਆਂ ਵਲੋਂ ਨਹੀਂ ਦਿੱਤੀਆਂ ਜਾ ਰਹੀਆਂ:
     - ਜੇ ਤੁਹਾਡਾ ਨਤੀਜਾ ਅਸਾਧਾਰਨ (ਅਬਨੌਰਮਲ) ਆਇਆ ਹੈ ਤਾਂ ਤੁਹਾਡੀ ਉਦੋਂ ਤੱਕ ਪੈਰਵੀ ਵਾਲੀ ਕੋਲਨੋਸਕਾਪੀ ਲਈ ਅਪੌਇੰਟਮੈਂਟ ਨਹੀਂ ਬਣਾਈ ਜਾਵੇਗੀ ਜਦ ਤੱਕ ਗੈਰ-ਜ਼ਰੂਰੀ, ਗੈਰ-ਐਮਰਜੰਸੀ ਵਾਲੀਆਂ ਸੇਵਾਵਾਂ ਬੀ ਸੀ ਵਿਚ ਦੁਬਾਰਾ ਸ਼ੁਰੂ ਨਹੀਂ ਹੋ ਜਾਂਦੀਆਂ। ਇਸ ਸਮੇਂ, ਟੈੱਸਟ ਦੌਰਾਨ ਕੋਵਿਡ-19 ਲੱਗਣ ਦੇ ਖਤਰੇ ਨੂੰ ਘੱਟ ਤੋਂ ਘੱਟ ਕਰਨ ਲਈ ਅਤੇ ਅਕਿਊਟ ਕੇਅਰ ਦੀ ਲੋੜ ਵਾਲੇ ਕੋਵਿਡ-19 ਵਾਲੇ ਮਰੀਜ਼ਾਂ ਦੇ ਸੰਭਵ ਰੱਸ਼ ਲਈ ਹਸਪਤਾਲਾਂ ਨੂੰ ਬਿਹਤਰ ਤਿਆਰ ਕਰਨ ਲਈ ਕੋਲਨੋਸਕਾਪੀਜ਼ ਕੈਂਸਲ ਕੀਤੀਆਂ ਜਾਂ ਦੁਬਾਰਾ ਬੁੱਕ ਕੀਤੀਆਂ ਜਾ ਰਹੀਆਂ ਹਨ।
     - ਐੱਫ ਆਈ ਟੀ ਕਿੱਟ ਲੈਣ ਜਾਂ ਛੱਡਣ ਲਈ ਲੈਬ ਨਾ ਜਾਣਾ ਇਕ ਦੂਜੇ ਤੋਂ ਫਾਸਲਾ ਰੱਖਣ ਵਿਚ ਮਦਦ ਕਰਦਾ ਹੈ, ਜਿਸ ਨਾਲ ਸਿਹਤਮੰਦ ਲੋਕਾਂ ਵਿਚ ਕੋਵਿਡ-19 ਜਾਣ ਨੂੰ ਘੱਟ ਤੋਂ ਘੱਟ ਕਰਨ ਦੇ ਯਤਨਾਂ ਵਿਚ ਮਦਦ ਹੋਵੇਗੀ।

- ਕਿਰਪਾ ਕਰਕੇ ਸਿਰਫ ਐੱਫ ਆਈ ਟੀ ਲਈ ਲੈਬ ਦੀ ਪਰਚੀ ਲੈਣ ਦੇ ਮੰਤਵਾਂ ਲਈ ਆਪਣੇ ਡਾਕਟਰ ਕੋਲ ਨਾ ਜਾਉ। ਇਸ ਦੀ ਬਜਾਏ ਉਦੋਂ ਤੱਕ ਉਡੀਕ ਕਰੋ ਜਦ ਤੱਕ ਐੱਫ ਆਈ ਟੀ ਦੁਬਾਰਾ ਉਪਲਬਧ ਨਹੀਂ ਹੋ ਜਾਂਦਾ।
- ਜੇ ਤੁਸੀਂ ਕੋਈ ਨਿਸ਼ਾਨੀਆਂ ਦੇਖ ਰਹੇ ਹੋ ਜਿਵੇਂ ਕਿ ਤੁਹਾਡੇ ਪਖਾਨੇ ਵਿਚ ਖੂਨ, ਢਿੱਡ ਵਿਚ ਦਰਦ, ਪਖਾਨੇ ਜਾਣ ਦੀਆਂ ਆਦਤਾਂ ਵਿਚ ਤਬਦੀਲੀਆਂ, ਜਾਂ ਭਾਰ ਘਟਣਾ ਜਿਸ ਦੇ ਕਾਰਨ ਦਾ ਪਤਾ ਨਹੀਂ ਹੈ ਤਾਂ ਇਨ੍ਹਾਂ ਨਿਸ਼ਾਨੀਆਂ ਦੇ ਕਾਰਨ ਦਾ ਪਤਾ ਲਾਉਣ ਲਈ ਕੀਤੇ ਜਾਣ ਵਾਲੇ ਟੈੱਸਟਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ ਜਿਨ੍ਹਾਂ ਦੀ ਤੁਹਾਨੂੰ ਲੋੜ ਹੋ ਸਕਦੀ ਹੈ। ਇਨ੍ਹਾਂ ਨਿਸ਼ਾਨੀਆਂ ਵਾਲੇ ਮਰੀਜ਼ਾਂ ਲਈ ਐੱਫ ਆਈ ਟੀ ਢੁਕਵਾਂ ਨਹੀਂ ਹੈ।

**4. ਮੇਰੀ ਲੈਬ ਲਈ ਪਰਚੀ `ਤੇ ਮੇਰੇ ਹੋਰ ਟੈੱਸਟ ਲਿਖੇ ਹੋਏ ਹਨ।**

- ਜੇ ਪਰਚੀ ਉੱਪਰ ਹੋਰ ਟੈੱਸਟ ਕਰਵਾਉਣ ਦੀ ਸਿਫਾਰਸ਼ ਕੀਤੀ ਗਈ ਹੈ ਤਾਂ ਉਹ ਟੈੱਸਟ ਕਰਵਾਉਣ ਲਈ ਤੁਹਾਨੂੰ ਲੈਬ ਜਾਣਾ ਚਾਹੀਦਾ ਹੈ।
- ਤੁਹਾਨੂੰ ਇਸ ਵੇਲੇ ਐੱਫ ਆਈ ਟੀ ਕਿੱਟ ਨਹੀਂ ਦਿੱਤੀ ਜਾਵੇਗੀ।
- ਲੈਬ ਤੁਹਾਨੂੰ ਕਿੱਟ ਚੁੱਕਣ ਲਈ ਪਰਚੀ ਦੀ ਇਕ ਕਾਪੀ ਦੇਵੇਗੀ ਜਿਹੜੀ ਤੁਸੀਂ ਉਦੋਂ ਵਾਪਸ ਲਿਆਉਣੀ ਹੈ ਜਦੋਂ ਗੈਰ-ਜ਼ਰੂਰੀ, ਗੈਰ-ਐਮਰਜੰਸੀ ਵਾਲੀਆਂ ਸੇਵਾਵਾਂ ਦੁਬਾਰਾ ਸ਼ੁਰੂ ਹੋ ਜਾਂਦੀਆਂ ਹਨ ਜਿਸ ਵਿਚ ਐੱਫ ਆਈ ਟੀ ਟੈੱਸਟ ਵੀ ਸ਼ਾਮਲ ਹਨ।

**5. ਜੇ ਮੇਰੇ ਕੋਲ ਐੱਫ ਆਈ ਟੀ ਕਿੱਟ ਹੋਵੇ ਪਰ ਮੈਂ ਅਜੇ ਇਹ ਲੈਬ ਨੂੰ ਨਾ ਦਿੱਤੀ ਹੋਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?**

- ਜੇ ਤੁਸੀਂ ਪਹਿਲਾਂ ਹੀ ਐੱਫ ਆਈ ਟੀ ਚੁੱਕੀ ਹੋਈ ਹੈ ਅਤੇ ਇਹ ਪੂਰੀ ਕੀਤੀ ਹੋਈ ਹੈ ਤਾਂ ਕਿੱਟ ਨੂੰ ਵਾਪਸ ਨਾ ਕਰੋ। ਐੱਫ ਆਈ ਟੀ ਨੂੰ ਘਰ ਦੇ ਗਾਰਬੇਜ ਵਿਚ ਨਾ ਸੁੱਟੋ। ਜਦੋਂ ਗੈਰ-ਜ਼ਰੂਰੀ, ਗੈਰ-ਐਮਰਜੰਸੀ ਵਾਲੀਆਂ ਸੇਵਾਵਾਂ ਦੁਬਾਰਾ ਸ਼ੁਰੂ ਹੋ ਜਾਣ ਤਾਂ ਵਰਤੀ ਹੋਈ ਐੱਫ ਆਈ ਟੀ ਸੁਰੱਖਿਅਤ ਤਰੀਕੇ ਨਾਲ ਸੁੱਟੇ ਜਾਣ ਲਈ ਲੈਬ ਨੂੰ ਵਾਪਸ ਕਰੋ ਅਤੇ ਟੈੱਸਟ ਦੁਬਾਰਾ ਕਰਨ ਲਈ ਤੁਹਾਨੂੰ ਇਕ ਨਵੀਂ ਐੱਫ ਆਈ ਟੀ ਕਿੱਟ ਦਿੱਤੀ ਜਾਵੇਗੀ।
- ਜੇ ਤੁਸੀਂ ਐੱਫ ਆਈ ਟੀ ਚੁੱਕੀ ਹੋਈ ਹੈ ਅਤੇ ਇਹ ਪੂਰੀ ਨਹੀਂ ਕੀਤੀ ਹੈ ਤਾਂ ਟੈੱਸਟ ਪੂਰਾ ਨਾ ਕਰੋ। ਗੈਰ-ਜ਼ਰੂਰੀ, ਗੈਰ-ਐਮਰਜੰਸੀ ਵਾਲੀਆਂ ਸੇਵਾਵਾਂ ਦੁਬਾਰਾ ਸ਼ੁਰੂ ਹੋ ਜਾਣ ਤੱਕ ਉਡੀਕ ਕਰੋ ਅਤੇ ਉਸ ਵੇਲੇ ਕਿੱਟ ਪੂਰੀ ਕਰੋ ਅਤੇ ਵਾਪਸ ਕਰੋ।

**6. ਮੈਂ ਐੱਫ ਆਈ ਟੀ ਦੁਬਾਰਾ ਕਦੋਂ ਲੈਣਾ ਸ਼ੁਰੂ ਕਰ ਸਕਦਾ/ਸਕਦੀ ਹਾਂ?**

- ਇਹ ਪੱਕਾ ਪਤਾ ਨਹੀਂ ਹੈ ਕਿ ਐੱਫ ਆਈ ਟੀ ਦੇ ਟੈੱਸਟ ਕਦੋਂ ਤੱਕ ਬੰਦ ਰਹਿਣਗੇ। ਸਾਡਾ ਅਨੁਮਾਨ ਹੈ ਕਿ ਇਹ ਤਬਦੀਲੀਆਂ ਘੱਟੋ ਘੱਟ 8 ਹਫਤਿਆਂ ਲਈ ਲਾਗੂ ਰਹਿਣਗੀਆਂ – ਮਈ ਦੇ ਅੰਤ ਤੱਕ। ਉਸ ਸਮੇਂ ਇਹ ਫੈਸਲਾ ਕਰਨ ਲਈ ਸਿਹਤ ਸੇਵਾਵਾਂ `ਤੇ ਦੁਬਾਰਾ ਵਿਚਾਰ ਕੀਤੀ ਜਾਵੇਗੀ ਕਿ ਕੀ ਗੈਰ-ਜ਼ਰੂਰੀ, ਗੈਰ-ਐਮਰਜੰਸੀ ਵਾਲੀਆਂ ਸੇਵਾਵਾਂ ਦੁਬਾਰਾ ਦਿੱਤੀਆਂ ਜਾ ਸਕਦੀਆਂ ਹਨ।
- ਤਾਜ਼ਾ ਜਾਣਕਾਰੀ ਜਾਂ ਤਬਦੀਲੀਆਂ ਇੱਥੇ ਪੋਸਟ ਕੀਤੀਆਂ ਜਾਣਗੀਆਂ, ਜਦੋਂ ਮਰਜ਼ੀ ਦੁਬਾਰਾ ਚੈੱਕ ਕਰੋ।

**7. ਮੈਂ ਹੁਣੇ ਹੁਣੇ ਆਪਣੀ ਐੱਫ ਆਈ ਟੀ ਲੈਬ ਨੂੰ ਦਿੱਤੀ ਹੈ। ਕੀ ਮੈਨੂੰ ਮੇਰੇ ਨਤੀਜੇ ਮਿਲਣਗੇ?**

- ਹਾਂ, ਜੇ ਤੁਸੀਂ ਹੁਣੇ ਹੁਣੇ ਐੱਫ ਆਈ ਟੀ ਲੈਬ ਨੂੰ ਦਿੱਤੀ ਹੈ ਤਾਂ ਤੁਹਾਨੂੰ ਅਤੇ ਤੁਹਾਡੇ ਡਾਕਟਰ ਨੂੰ ਅਜੇ ਵੀ ਨਤੀਜੇ ਮਿਲਣਗੇ।
- ਨਤੀਜੇ 'ਮਾਈ ਈ ਹੈਲਥ' ਉੱਪਰ ਉਪਲਬਧ ਰਹਿਣਗੇ ਜੇ ਤੁਸੀਂ ਉਸ ਸਰਵਿਸ ਲਈ ਸਾਈਨ ਅੱਪ ਕੀਤਾ ਹੋਇਆ ਹੈ, ਅਤੇ ਕੋਲਨ ਸਕਰੀਨਿੰਗ ਪ੍ਰੋਗਰਾਮ ਤੁਹਾਨੂੰ ਤੁਹਾਡੇ ਨਤੀਜੇ ਦੀ ਸੂਚਨਾ ਡਾਕ ਰਾਹੀਂ ਭੇਜਣਾ ਜਾਰੀ ਰੱਖੇਗਾ।

**8. ਮੈਨੂੰ ਅਸਾਧਾਰਨ (ਅਬਨੌਰਮਲ) ਨਤੀਜਾ ਮਿਲਿਆ ਹੈ/ਮੇਰਾ ਨਤੀਜਾ ਦਿਖਾਉਂਦਾ ਹੈ ਕਿ ਮੈਨੂੰ ਅਗਾਂਹ ਹੋਰ ਪੈਰਵੀ ਦੀ ਲੋੜ ਹੈ, ਹੁਣ ਕੀ ਹੋਵੇਗਾ?**

- ਤੁਹਾਡੀ ਹੈਲਥ ਅਥਾਰਟੀ ਨੂੰ ਪ੍ਰੀ-ਕੋਲਨੋਸਕਾਪੀ ਅਸੈੱਸਮੈਂਟ ਲਈ ਰੈਫਰਲ ਭੇਜੀ ਗਈ ਹੈ। ਜਦੋਂ ਹੈਲਥ ਅਥਾਰਟੀ ਦਾ ਸਟਾਫ ਯੋਗ ਹੋਇਆ, ਤੁਹਾਡੇ ਨਾਲ ਪ੍ਰੀ-ਕੋਲਨੋਸਕਾਪੀ ਅਸੈੱਸਮੈਂਟ ਦੇ ਸੰਬੰਧ ਵਿਚ ਫੋਨ `ਤੇ ਸੰਪਰਕ ਕੀਤਾ ਜਾਵੇਗਾ।
- ਗੈਰ-ਜ਼ਰੂਰੀ, ਗੈਰ-ਐਮਰਜੰਸੀ ਵਾਲੀਆਂ ਸੇਵਾਵਾਂ ਬੀ ਸੀ ਵਿਚ ਦੁਬਾਰਾ ਸ਼ੁਰੂ ਹੋ ਜਾਣ `ਤੇ ਤੁਹਾਡੇ ਨਾਲ ਸੰਪਰਕ ਕਰਕੇ ਦੱਸਿਆ ਜਾਵੇਗਾ ਕਿ ਤੁਹਾਡੀ ਕੋਲਨੋਸਕਾਪੀ ਕਦੋਂ ਬੁੱਕ ਕੀਤੀ ਜਾਵੇਗੀ।

**9. ਮੇਰੇ ਵਿਚ ਇਸ ਵੇਲੇ ਨਿਸ਼ਾਨੀਆਂ ਦਿਖਾਈ ਦੇ ਰਹੀਆਂ ਹਨ।**

- ਇਹ ਟੈੱਸਟ ਸਿਰਫ ਉਨ੍ਹਾਂ ਲੋਕਾਂ ਲਈ ਸਿਫਾਰਸ਼ ਕੀਤਾ ਜਾਂਦਾ ਹੈ ਜਿਨ੍ਹਾਂ ਵਿਚ ਕੋਈ ਨਿਸ਼ਾਨੀਆਂ ਨਹੀਂ ਹਨ।
- ਨਿਸ਼ਾਨੀਆਂ ਵਿਚ ਤੁਹਾਡੇ ਪਖਾਨੇ ਵਿਚ ਖੂਨ, ਢਿੱਡ ਵਿਚ ਦਰਦ, ਪਖਾਨੇ ਜਾਣ ਦੀਆਂ ਆਦਤਾਂ ਵਿਚ ਤਬਦੀਲੀਆਂ, ਜਾਂ ਭਾਰ ਘਟਣਾ ਜਿਸ ਦੇ ਕਾਰਨ ਦਾ ਪਤਾ ਨਹੀਂ ਹੈ ਸ਼ਾਮਲ ਹੋ ਸਕਦੀਆਂ ਹਨ। ਜੇ ਤੁਹਾਡੇ ਵਿਚ ਇਹ ਨਿਸ਼ਾਨੀਆਂ ਦਿਖਾਈ ਦੇ ਰਹੀਆਂ ਹਨ ਤਾਂ ਇਨ੍ਹਾਂ

ਨਿਸ਼ਾਨੀਆਂ ਦੇ ਕਾਰਨ ਦਾ ਪਤਾ ਲਾਉਣ ਲਈ ਕੀਤੇ ਜਾਣ ਵਾਲੇ ਟੈੱਸਟਾਂ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ ਜਿਨ੍ਹਾਂ ਦੀ ਤੁਹਾਨੂੰ ਲੋੜ ਹੋ ਸਕਦੀ ਹੈ। ਇਨ੍ਹਾਂ ਨਿਸ਼ਾਨੀਆਂ ਵਾਲੇ ਮਰੀਜ਼ਾਂ ਲਈ ਐੱਫ ਆਈ ਟੀ ਢੁਕਵਾਂ ਨਹੀਂ ਹੈ।

**10. ਮੈਂ ਅਜੇ ਵੀ ਕੋਲਨ ਕੈਂਸਰ ਦੀ ਜਾਂਚ ਲਈ ਤਾਜ਼ਾ ਜਾਣਕਾਰੀ ਲੈਣਾ ਚਾਹਾਂਗਾ/ਚਾਹਾਂਗੀ। ਕੀ ਕੋਈ ਹੋਰ ਟੈੱਸਟ ਉਪਲਬਧ ਹੈ?**

- ਨਹੀਂ। ਤੁਹਾਨੂੰ ਆਪਣਾ ਟੈੱਸਟ ਉਦੋਂ ਪੂਰਾ ਕਰਨਾ ਚਾਹੀਦਾ ਹੈ ਜਦੋਂ ਬੀ ਸੀ ਵਿਚ ਗੈਰ-ਜ਼ਰੂਰੀ, ਗੈਰ-ਐਮਰਜੰਸੀ ਵਾਲੀਆਂ ਸੇਵਾਵਾਂ ਸ਼ੁਰੂ ਕੀਤੀਆਂ ਜਾ ਸਕਣਗੀਆਂ।

**11. ਮੈਂ ਸੰਭਾਲ ਕਰਨ ਵਾਲਾ/ਵਾਲੀ ਹਾਂ। ਮੈਨੂੰ ਕੀ ਜਾਣਨਾ ਚਾਹੀਦਾ ਹੈ?**

- ਟੈੱਸਟ ਕਰਨ ਲਈ ਯਾਦ ਕਰਾਉਣ ਵਾਲੀਆਂ ਸੂਚਨਾਵਾਂ ਇਸ ਵੇਲੇ ਬੰਦ ਕਰ ਦਿੱਤੀਆਂ ਗਈਆਂ ਹਨ।
- ਹੈਲਥ ਅਥਾਰਟੀ ਦੇ ਸਥਾਨਾਂ ਵਿਚ ਪੈਰਵੀ ਲਈ ਬੁੱਕ ਕੀਤੀਆਂ ਗਈਆਂ ਅਪੌਇੰਟਮੈਂਟਾਂ ਵਾਲੇ ਮਰੀਜ਼ਾਂ ਨਾਲ ਅਪੌਇੰਟਮੈਂਟ ਕੈਂਸਲ ਕਰਨ ਜਾਂ ਦੁਬਾਰਾ ਬੁੱਕ ਕਰਨ ਦੇ ਸੰਬੰਧ ਵਿਚ ਉਸ ਸਥਾਨ ਵਲੋਂ ਸਿੱਧਾ ਸੰਪਰਕ ਕੀਤਾ ਜਾਵੇਗਾ।
- ਨਿਸ਼ਾਨੀਆਂ ਵਾਲੇ ਮਰੀਜ਼ਾਂ ਨੂੰ ਅਸੈੱਸਮੈਂਟ ਲਈ ਸਿੱਧਾ ਸਪੈਸ਼ਲਿਸਟ ਕੋਲ ਰੈਫਰ ਕੀਤਾ ਜਾਣਾ ਚਾਹੀਦਾ ਹੈ। ਐੱਫ ਆਈ ਟੀ ਦੀ ਲੋੜ ਨਹੀਂ ਹੈ।

12. **ਮੈਨੂੰ ਜ਼ਿਆਦਾ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ**?

- ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਤੁਸੀਂ 1-877-702-6566 `ਤੇ ਫੋਨ ਕਰ ਸਕਦੇ ਹੋ ਜਾਂ ਅਪਡੇਟਸ ਲਈ ਕਿਸੇ ਸਮੇਂ ਵੀ ਇਸ ਵੈੱਬਸਾਈਟ `ਤੇ ਜਾਉ।